੧

# ਰੁੱਖ ਦਾ ਗੀਤ

੧

ਵੇ ਰੁੱਖੜਾ
ਤੂੰ ਕਿਧਰੋਂ ਆ ਕੇ
ਉਗਿਆ ਮੇਰੇ ਬੰਨੇ
ਉਪਰੀ ਥਾਵੇਂ ਕਿਮੇਂ ਉਗਣਾ
ਮੈਨੂੰ ਵੀ ਤਾ ਜਾਚ ਸਿਖਾ ਦੇ
ਜੇ ਮੇਰੀ ਗੱਲ ਮੰਨੇਂ

ਵੇ ਰੁੱਖੜਾ
ਤੇਰੀ ਜੜ੍ਹ ਸਿਆਣੀ
ਭੱਜਦੀ ਪਾਣੀ ਥਾਣੀਂ

ਵੇ ਰੁੱਖੜਾ
ਤੇਰੀ ਟਾਹਣੀ ਚੰਗੀ
ਸੂਰਜ ਸੰਗ ਜੋ ਮੰਗੀ

ਜਦੋਂ ਤੁਸਾਂ ਦੇ ਪੱਤਰ ਝੜਦੇ
ਉਸਲੇ ਤੁਸ ਕਿ ਕਰਦੇ ?

ਜਿਸਲੇ ਤੁੰਦੇ ਪੱਤਰ ਆਉਂਦੇ

ਹਰਾ ਗੀਤ ਕੋਈ ਗਾਉਂਦੇ ?

ਜਦੋਂ ਤੁਸਾਡੇ ਫੁੱਲ ਫਲ਼ ਆਂਉਦੇ
ਛੱਜਰਾ ਅੱਗੇ ਅੱਗੇ ਟੁਰਦਾ
ਚਾਅ ਵੀ ਟੁਰਦੇ ਜਾਂਦੇ
ਰੁੱਖੜਿਆ ਭਾਈਆ ਵੇ